Best Start Best Life

KINDERGARTEN
Victorian Government Approved

# ਪਰਿਵਾਰਾਂ ਲਈ ਸਲਾਹ: ਲੰਬੇ ਦਿਨ ਦੀਆਂ ਦੇਖਭਾਲ ਸੇਵਾਵਾਂ ਵਿੱਚ Free Kinder

## ਭਾਗ ਲੈਣ ਵਾਲੀਆਂ ਸੇਵਾਵਾਂ ਵਿੱਚ ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮਾਂ ਵਿੱਚ ਦਾਖ਼ਲ ਹੋਏ ਸਾਰੇ ਬੱਚਿਆਂ ਲਈ Free Kinder (ਮੁਫ਼ਤ ਕਿੰਡਰ) ਉਪਲਬਧ ਹੈ।

### ਪਰਿਵਾਰਾਂ ਲਈ ਬੱਚਤ

Free Kinder ਲੰਬੇ ਦਿਨ ਦੀ ਦੇਖਭਾਲ ਸੇਵਾ ਵਿੱਚ ਕਿਸੇ ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਦਾਖ਼ਲ ਬੱਚਿਆਂ ਲਈ ਲਗਭਗ $2,000 ਦੀ ਬੱਚਤ ਪ੍ਰਦਾਨ ਕਰਦਾ ਹੈ:

- 4 ਸਾਲਾਂ ਦੇ ਬੱਚਿਆਂ ਲਈ, ਇਸਦਾ ਮਤਲਬ ਹੈ 15 ਘੰਟਿਆਂ ਦੇ ਕਿੰਡਰਗਾਰਟਨ ਪ੍ਰੋਗਰਾਮ (ਸਾਲਾਨਾ 600 ਘੰਟੇ) ਵਿੱਚ ਦਾਖ਼ਲ ਬੱਚਿਆਂ ਲਈ $2,000।
- 3 ਸਾਲਾਂ ਦੇ ਬੱਚਿਆਂ ਲਈ, ਜੋ 5 ਤੋਂ 15 ਘੰਟਿਆਂ ਤੱਕ ਦੇ ਕਿਸੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਦੇ ਹਨ, ਇਸਦਾ ਮਤਲਬ ਹੈ 15 ਘੰਟਿਆਂ ਦੇ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਦਾਖ਼ਲ ਬੱਚੇ ਲਈ ਲਗਭਗ $2,000 ਅਤੇ ਇਸਤੋਂ ਘੱਟ ਘੰਟਿਆਂ ਵਾਲੇ ਪ੍ਰੋਗਰਾਮਾਂ ਵਿੱਚ ਦਾਖ਼ਲ ਬੱਚਿਆਂ ਲਈ ਉਹਨਾਂ ਦੇ ਘੰਟਿਆਂ ਮੁਤਾਬਕ ਰਕਮ।
- Free Kinder ਦੀ ਇਹ ਕੁੱਲ ਰਕਮ ਹਰ ਸਾਲ ਥੋੜ੍ਹਾ ਜਿਹਾ ਬਦਲ ਸਕਦੀ ਹੈ। ਕਿਰਪਾ ਕਰਕੇ ਆਪਣੀ ਸੇਵਾ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਨੂੰ ਉਸ ਸਾਲ ਕਿੰਨਾ ਪੈਸਾ ਮਿਲੇਗਾ।

ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮ ਉਹ ਸਮਾਂ ਹੁੰਦਾ ਹੈ ਜਦੋਂ ਇੱਕ ਯੋਗਤਾ ਪ੍ਰਾਪਤ ਸ਼ੁਰੂਆਤੀ ਬਚਪਨ ਦਾ ਅਧਿਆਪਕ ਕਿੰਡਰਗਾਰਟਨ ਪ੍ਰੋਗਰਾਮ ਵਾਲੇ ਕਮਰੇ ਵਿੱਚ ਪੜ੍ਹਾਉਂਦਾ ਹੈ।

### ਯੋਗਤਾ

Free Kinder ਹਰ ਕਿਸੇ ਲਈ ਹੈ। Free Kinder ਤੱਕ ਪਹੁੰਚ ਕਰਨ ਦੇ ਯੋਗ ਹੋਣ ਲਈ ਤੁਹਾਨੂੰ ਆਸਟ੍ਰੇਲੀਆਈ ਨਾਗਰਿਕ ਹੋਣ ਦੀ ਲੋੜ ਨਹੀਂ ਹੈ। Free Kinder ਪ੍ਰਾਪਤ ਕਰਨ ਲਈ ਤੁਹਾਨੂੰ ਆਸਟ੍ਰੇਲੀਆਈ ਸਰਕਾਰੀ ਦੀ ਚਾਈਲਡ ਕੇਅਰ ਸਬਸਿਡੀ (Child Care Subsidy, CCS) ਲਈ ਯੋਗ ਹੋਣ ਦੀ ਵੀ ਲੋੜ ਨਹੀਂ ਹੈ।

ਤੁਹਾਡਾ ਬੱਚਾ ਇੱਕ ਸਾਲ ਦਾ Free Kinder ਤਿੰਨ-ਸਾਲਾ ਕਿੰਡਰਗਾਰਟਨ (Three-Year-Old Kindergarten) ਪ੍ਰੋਗਰਾਮ ਵਿੱਚ ਅਤੇ ਇੱਕ ਸਾਲ ਦਾ Free Kinder ਚਾਰ-ਸਾਲਾ ਕਿੰਡਰਗਾਰਟਨ (Four-Year-Old Kindergarten) ਪ੍ਰੋਗਰਾਮ ਵਿੱਚ ਪ੍ਰਾਪਤ ਕਰ ਸਕਦਾ ਹੈ। ਤੁਹਾਡਾ ਬੱਚਾ ਇੱਕ ਸਮੇਂ ਵਿੱਚ ਸਿਰਫ਼ ਇੱਕ ਸੇਵਾ ਵਿੱਚ ਹੀ Free Kinder ਪ੍ਰਾਪਤ ਕਰ ਸਕਦਾ ਹੈ। ਤੁਹਾਡੀ ਕਿੰਡਰਗਾਰਟਨ ਸੇਵਾ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਇੱਕ ਫਾਰਮ 'ਤੇ ਦਸਤਖ਼ਤ ਕਰਨ ਲਈ ਕਹੇਗੀ ਕਿ ਤੁਹਾਡਾ ਬੱਚਾ ਉਨ੍ਹਾਂ ਦੀ ਸੇਵਾ ਵਿੱਚ ਆਪਣਾ ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮ ਪ੍ਰਾਪਤ ਕਰ ਰਿਹਾ ਹੈ।






### Free Kinder ਬੱਚਤ ਤੱਕ ਕਿਵੇਂ ਪਹੁੰਚ ਕਰਨੀ ਹੈ

ਤੁਹਾਡੀ ਲੰਬੇ ਦਿਨ ਦੀ ਦੇਖਭਾਲ ਸੇਵਾ ਤੁਹਾਡੀ ਤਰਫੋਂ ਵਿਕਟੋਰੀਆ ਸਰਕਾਰ ਤੋਂ ਮੁਫ਼ਤ ਕਿੰਡਰ ਫੰਡਿੰਗ (Victorian Government Free Kinder funding) ਪ੍ਰਾਪਤ ਕਰੇਗੀ।
Commonwealth ਵਲੋਂ ਦਿੱਤੀ ਜਾਂਦੀ ਚਾਈਲਡ ਕੇਅਰ ਸਬਸਿਡੀ (CCS) ਲਾਗੂ ਹੋਣ ਤੋਂ ਬਾਅਦ ਤੁਹਾਡੀ ਸੇਵਾ ਤੁਹਾਡੀ ਜੇਬ ਵਿੱਚੋਂ ਜਾਣ ਵਾਲੀਆਂ ਫ਼ੀਸਾਂ ਵਿੱਚ ਇਸ ਬੱਚਤ ਨੂੰ ਸਿੱਧੀ ਕਟੌਤੀ ਦੇ ਰੂਪ ਵਿੱਚ ਪਾਸ ਕਰ ਦੇਵੇਗੀ।

Best Start Best Life


KINDERGARTEN Victorian Government Approved

## ਇਹ ਬੱਚਤ ਤੁਹਾਡੀ ਜੇਬ ਵਿੱਚੋਂ ਜਾਣ ਵਾਲੀਆਂ ਫ਼ੀਸਾਂ ‘ਤੇ ਕਿਵੇਂ ਲਾਗੂ ਹੁੰਦੀ ਹੈ

Free Kinder ਬੱਚਤ ਸਾਲ ਭਰ ਵਿੱਚ ਵੰਡਵੇਂ ਤੌਰ ‘ਤੇ ਤੁਹਾਡੀਆਂ ਫ਼ੀਸਾਂ ‘ਤੇ ਲਾਗੂ ਕੀਤੀ ਜਾਵੇਗੀ (ਜਿਵੇਂ ਕਿ ਹਫ਼ਤਾਵਾਰੀ ਜਾਂ ਪੰਦਰਵਾੜੇ ਦੇ ਤੌਰ ‘ਤੇ) ਅਤੇ ਤੁਸੀਂ ‘ਵਿਕਟੋਰੀਅਨ ਸਰਕਾਰ ਦੇ ਫ੍ਰੀ ਕਿੰਡਰ ਆਫਸੈੱਟ’ (‘Victorian Government Free Kinder offset’) ਦੇ ਰੂਪ ਵਿੱਚ ਆਪਣੀ ਇਨਵੌਇਸ ‘ਤੇ ਇਸ ਰਕਮ ਨੂੰ ਸਾਫ਼ ਤੌਰ ‘ਤੇ ਲਿਖਿਆ ਦੇਖਣ ਦੇ ਯੋਗ ਹੋਵੋਗੇ।
ਹਰੇਕ ਕਿੰਡਰਗਾਰਟਨ ਸੇਵਾ ਇਹ ਚੁਣ ਸਕਦੀ ਹੈ ਕਿ ਉਹ Free Kinder ਬੱਚਤ ਨੂੰ ਕਿੰਨੀ ਵਾਰ ਲਾਗੂ ਕਰਨਗੇ ਅਤੇ ਸਾਲ ਭਰ ਵਿੱਚ ਕਿੰਨੇ ਹਫ਼ਤਿਆਂ ਲਈ। ਤੁਹਾਡੀਆਂ ਫ਼ੀਸਾਂ ‘ਤੇ ਬੱਚਤ ਕਿਵੇਂ ਲਾਗੂ ਹੋਵੇਗੀ ਇਸ ਬਾਰੇ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਆਪਣੀ ਕਿੰਡਰਗਾਰਟਨ ਸੇਵਾ ਨਾਲ ਸਿੱਧੇ ਤੌਰ ‘ਤੇ ਗੱਲ ਕਰੋ।

ਉਦਾਹਰਨ

- 2024 ਵਿੱਚ, ਇੱਕ ਬੱਚਾ ਹਫ਼ਤੇ ਵਿੱਚ 3 ਦਿਨਾਂ ਲਈ ਆਪਣੇ ਚਾਰ ਸਾਲਾਂ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਹਾਜ਼ਰ ਹੁੰਦਾ ਹੈ।
- ਉਹ ਕਿੰਡਰਗਾਰਟਨ ਸੇਵਾ ਉਨ੍ਹਾਂ 3 ਦਿਨਾਂ ਲਈ $360 ਫ਼ੀਸ ਲੈਂਦੀ ਹੈ।
- ਪਰਿਵਾਰ ਨੂੰ $252 ਦੀ ਚਾਈਲਡ ਕੇਅਰ ਸਬਸਿਡੀ (CCS) ਮਿਲਦੀ ਹੈ
- ਕਿੰਡਰਗਾਰਟਨ ਸੇਵਾ ਨੇ ਸਾਲ 2024 ਦੀ $2,050 ਦੀ Free Kinder ਬੱਚਤ ਨੂੰ ਸਾਲ ਦੇ 40 ਹਫ਼ਤਿਆਂ ਲਈ ਹਫ਼ਤਾਵਾਰੀ ਤੌਰ ‘ਤੇ ($51.25 ਪ੍ਰਤੀ ਹਫ਼ਤਾ ਦੇ ਹਿਸਾਬ ਨਾਲ) ਲਾਗੂ ਕਰਨ ਦੀ ਚੋਣ ਕੀਤੀ ਹੈ।
- CCS ਅਤੇ Free Kinder ਆਫਸੈੱਟ ਲਾਗੂ ਕੀਤੇ ਜਾਣ ਤੋਂ ਬਾਅਦ ਪਰਿਵਾਰ ਹਫ਼ਤੇ ਵਿੱਚ $56.75 ਦਾ ਭੁਗਤਾਨ ਕਰਦਾ ਹੈ।




## ਜੇਕਰ ਤੁਹਾਡਾ ਬੱਚਾ ਸਾਲ ਦੇ ਵਿਚਕਾਰ ਕਿੰਡਰਗਾਰਟਨ ਸੇਵਾਵਾਂ ਬਦਲਦਾ ਹੈ

ਜੇਕਰ ਤੁਹਾਡਾ ਬੱਚਾ ਆਪਣੇ ਕਿੰਡਰਗਾਰਟਨ ਸਾਲ ਦੌਰਾਨ ਕਿਸੇ ਵੱਖਰੀ ਲੰਬੇ ਦਿਨ ਦੀ ਦੇਖਭਾਲ ਸੇਵਾ ਵਿੱਚ ਚਲਾ ਜਾਂਦਾ ਹੈ, ਤਾਂ ਜਿਸ ਸੇਵਾ ਵਿੱਚੋਂ ਤੁਸੀਂ ਜਾ ਰਹੇ ਹੋ, ਉਹ Free Kinder ਭੁਗਤਾਨ ਪ੍ਰਾਪਤ ਕਰਨਾ ਬੰਦ ਕਰ ਦੇਵੇਗੀ ਅਤੇ ਤੁਹਾਡੀ ਨਵੀਂ ਲੰਬੇ ਦਿਨ ਦੀ ਦੇਖਭਾਲ ਸੇਵਾ Free Kinder ਭੁਗਤਾਨ ਪ੍ਰਾਪਤ ਕਰਨਾ ਸ਼ੁਰੂ ਕਰ ਦੇਵੇਗੀ ਤਾਂ ਜੋ ਉਹ ਤੁਹਾਨੂੰ ਬੱਚਤਾਂ ਦੇਣਾ ਜਾਰੀ ਰੱਖ ਸਕਣ।

ਜੇਕਰ ਤੁਹਾਡਾ ਬੱਚਾ ਕਿਸੇ ਸੈਸ਼ਨਲ ਕਿੰਡਰਗਾਰਟਨ ਸੇਵਾ ਵਿੱਚ ਚਲਾ ਜਾਂਦਾ ਹੈ ਜੋ ਉਸ ਸਾਲ Free Kinder ਵਿੱਚ ਭਾਗ ਲੈ ਰਿਹਾ ਹੈ, ਤਾਂ ਤੁਹਾਡਾ ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮ ਮੁਫ਼ਤ ਹੋਵੇਗਾ।

ਸੈਸ਼ਨਲ ਸੇਵਾਵਾਂ ਵਿੱਚ Free Kinder ਬਾਰੇ ਹੋਰ ਜਾਣਕਾਰੀ **vic.gov.au/kinder** ’ਤੇ ਉਪਲਬਧ ਹੈ।





THE EDUCATION STATE
VICTORIA State Government | Department of Education

24-007
Punjabi - ਪੰਜਾਬੀ